## ਤੇਰਿਆ ਭਗਤਾ ਕਉ ਬਲਿਹਾਰਾ

**ਬਸੰਤੁ ਮਹਲਾ ੫ ਹਿੰਡੋਲ ॥**

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਰਾਗ ਬਸੰਤ ਹਿੰਡੋਲ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਅੰਕ ੧੧੮੫ ਤੇ ਸੁਭਾਇਮਾਨ ਹੈ। ਵੈਸੇ ਹਿੰਡੋਲ ਇਕ ਵਖਰਾ ਰਾਗ ਵੀ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਇਹ ਬਸੰਤ ਰਾਗ ਦਾ ਮਿਸ਼ਰਤ ਰਾਗ ਹੈ।

ਇਸ ਸ਼ਬਦ, Hymn ਵਿਚ ਪੰਚਮ ਪਾਤਸ਼ਾਹ ਨੇ ਅਕਾਲ ਪੁਰਖ ਦੀ ਅਤੇ ਉਸ ਦੀ ਕਿਰਪਾ ਨਾਲ ਵਰੋਸਾਏ ਹੋਏ ਭਗਤਾਂ ਦੀ ਵਡਿਆਈ ਕੀਤੀ ਹੈ।

**ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥**

**ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥੧॥**

**ਅਰਥ :** ਹੇ ਅਕਾਲ ਪੁਰਖ ਜੀਓ ! ਤੇਰੀ ਕੁਦਰਤ ਨੂੰ ਤੇਰੇ ਤੋਂ ਸਿਵਾਏ ਕੋਈ ਦੂਜਾ ਨਹੀਂ ਜਾਣ ਸਕਦਾ, ਸਿਰਫ਼ ਤੂੰ ਹੀ ਜਾਣਦਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਵਾਹਗੁਰੂ ਦਾ ਅੰਤ ਪਾਣ ਲਈ ਕਈ ਵਿਲਕਦੇ, ਤਰਸਦੇ ਰਹੇ ਅਤੇ ਹੁਣ ਵੀ ਤਰਸਦੇ ਹਨ ਪਰ ਹੇ ਪ੍ਰਭੂ ਜੀਓ ! ਤੇਰਾ ਅੰਤ ਕੋਈ ਨਹੀਂ ਪਾ ਸਕਿਆ - 'ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥', ਪੰਨਾ ੫. ਹੇ ਮੇਰੇ ਸਾਹਿਬ ! ਅਨੇਕਾਂ ਦੇਵਤੇ, ਤਪੱਸਵੀ, ਜੋਗੀ, ਜਤੀ, ਪੀਰ ਆਦਿ, ਦਰਵੇਸ ਅਤੇ ਕਈ ਹੋਰ ਵਖ ਵਖ ਤਰੀਕਿਆਂ ਨਾਲ ਤੈਨੂੰ ਪਾਉਣ ਲਈ ਤੜਫ਼ਦੇ ਰਹੇ - 'ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥ ਤਉ ਕਾਰਣਿ ਸਾਹਿਬਾ ਰੰਗਿ ਰਤੇ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਜਾਈ ਤੇਰੇ ਗੁਣ ਕੇਤੇ॥........', ਪੰਨਾ ੩੫੮. ਭਗਤ ਨਾਮਦੇਵ ਜੀ ਵੀ ਬਚਨ ਕਰਦੇ ਹਨ ਕਿ 'ਹੇ ਜੀਵ ਇਸਤ੍ਰੀ ! ਉਸ ਪ੍ਰਭੂ ਨੂੰ ਕਿਸੇ ਨੇ ਆਉਂਦੇ ਨੂੰ ਨਹੀਂ ਵੇਖਿਆ, ਫ਼ਿਰ ਉਸਨੂੰ ਕੌਣ ਜਾਣ ਸਕਦਾ ਹੈ। ਉਹ ਸਰਬਵਿਆਪਕ ਅਤੇ ਬੰਸ ਤੋਂ ਰਹਿਤ ਹੈ ਤਾਂ ਫ਼ਿਰ ਉਸ ਬਾਰੇ ਕੌਣ ਕੀ ਜਾਣ ਸਕਦਾ ਹੈ - 'ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ॥ ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ॥', ਪੰਨਾ ੫੨੫.

**ਅਰਥ :** ਹਾਂ, ਮੇਰੇ ਪਿਆਰੇ ਪ੍ਰਭੂ ਜੀਓ ! ਜਿਸ ਮਨੁਖ ਤੇ ਤੂੰ ਆਪ ਕਿਰਪਾ ਕਰ ਦਿੰਦਾ ਹੈ ਉਹੀ ਤੇ ਸਿਰਫ਼ ਉਹੀ ਤੈਨੂੰ ਤੇ ਤੇਰੀ ਕੁਦਰਤ ਨੂੰ ਪਛਾਣਦਾ ਹੈ, ਹੋਰ ਕੋਈ ਨਹੀਂ।੧।

ਸ੍ਰੀ ਗੁਰੂ ਰਾਮਦਾਸ ਸਾਹਿਬ ਬਚਨ ਕਰਦੇ ਹਨ ਕਿ ਜਿਸ ਨੂੰ ਪ੍ਰਭੂ ਆਪ ਜਣਾਉਂਦਾ ਹੈ ਉਹੀ ਉਸ ਨੂੰ ਜਾਣ ਸਕਦਾ ਹੈ ਤੇ ਇੰਵ ਜਾਣਨ ਤੇ ਉਸ ਦੇ ਗੁਣ ਬਿਆਨ ਕਰ ਸਕਦਾ ਹੈ - 'ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣਹਿ॥ ਹਰਿ ਗੁਣ ਸਦ ਹੀ ਆਖਿ ਵਖਾਣੈ॥', ਪੰਨਾ ੧੧. ਸ੍ਰੀ ਗੁਰੂ ਅਰਜਨ ਸਾਹਿਬ ਦੇ ਅਜਿਹੇ ਹੀ ਬਚਨ ਹਨ ਕਿ ਜਿਸ ਤੇ ਵਾਹਿਗੁਰੂ ਕਿਰਪਾ ਕਰੇ ਉਹੀ ਉਸ ਨੂੰ ਜਾਣ ਤੇ ਪਛਾਣ ਸਕਦਾ ਹੈ - 'ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ॥', ਪੰਨਾ ੭੭੯. ਹੋਰ ਫ਼ੁਰਮਾਣ ਕਰਦੇ ਹਨ ਕਿ ਉਹ ਕਿਸੇ ਨੂੰ ਭਰਮਾ ਦਿੰਦਾ ਹੈ ਤੇ ਕਿਸੇ ਨੂੰ ਆਪਣਾ ਆਪਾ ਜਣਾ ਕੇ ਭਗਤੀ ਤੇ ਲਗਾ ਦਿੰਦਾ ਹੈ - 'ਇਕਿ ਭਰਮੇ ਇਕਿ ਭਗਤੀ ਲਾਏ॥ ਅਪਣਾ ਕੀਆ ਆਪਿ ਜਣਾਏ॥', ਪੰਨਾ ੮੯੪. ਸਪੱਸ਼ਟ ਫ਼ੁਰਮਾਣ ਕੀਤਾ ਹੈ ਕਿ ਹੇ ਵਾਹਿਗੁਰੂ ਜੀਓ ! ਤੇਰੀ ਕਿਰਪਾ ਨਾਲ ਹੀ ਤੈਨੂੰ ਪਛਾਣਿਆ ਜਾ ਸਕਦਾ ਹੈ - 'ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥', ਪੰਨਾ ੧੦੩.

**ਤੇਰਿਆ ਭਗਤਾ ਕਉ ਬਲਿਹਾਰਾ ॥**

**ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ ॥੧॥ ਰਹਾਉ ॥**

**ਅਰਥ :** ਇਸ ਲਈ ਜਿਨ੍ਹਾਂ ਨੇ ਤੈਨੂੰ ਜਾਣ ਕੇ ਭਗਤੀ ਕੀਤੀ ਹੈ ਮੈਂ ਤੇਰੇ ਉਨ੍ਹਾਂ ਭਗਤਾਂ ਤੋਂ ਬਲਿਹਾਰ ਜਾਂਦਾ ਹਾਂ। ਹੇ ਪ੍ਰਭੂ ! ਤੇਰਾ ਥਾਨ ਸਦਾ ਹੀ ਸੋਹਣਾ ਹੈ ਤੇ ਤੇਰੇ ਰੰਗ, ਤੇਰੇ ਚੋਜ ਬੇਅੰਤ ਹਨ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ ਵੀ ਬਚਨ ਕਰਦੇ ਹਨ ਕਿ ਹੇ ਵਾਹਗੁਰੂ ! ਉਹ ਜੋ ਤੇਰਾ ਨਾਮ ਜਪਦੇ ਹਨ ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ, ਮੈਂ ਉਨ੍ਹਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ ਜੋ ਤੇਰਾ ਨਾਮ ਜਪਦੇ ਹਨ - 'ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥', ਪੰਨਾ ੭੨੨. ਸ੍ਰੀ ਗੁਰੂ ਅਮਰਦਾਸ ਸਾਹਿਬ ਵੀ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਨ ਜਿਨ੍ਹਾਂ ਦਾ ਪ੍ਰਭੂ ਦੇ ਨਾਮ ਨੂੰ ਜਪ ਜਪ ਕੇ ਉਸ ਨਾਲ ਪਿਆਰ ਪੈ ਗਿਆ ਹੈ - 'ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ॥', ਪੰਨਾ ੨੬. ਪੰਚਮ ਪਾਤਸ਼ਾਹ ਵੀ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਨ, ਤੇਰਾ ਨਾਮ ਜਿਨ੍ਹਾਂ ਦੇ ਜੀਵਨ ਦਾ ਅਧਾਰ ਬਣ ਗਿਆ ਹੈ - 'ਹਉ ਤਾ ਕੈ ਬਲਿਹਾਰੀ॥ ਜਾ ਕੈ ਕੇਵਲ ਨਾਮੁ ਅਧਾਰੀ॥', ਪੰਨਾ ੨੦੭.

ਪੰਜਵੇਂ ਪਾਤਸ਼ਾਹ ਦੇ ਬਚਨ ਹਨ ਕਿ ਹੇ ਵਾਹਿਗੁਰੂ ! ਤੇਰਾ ਥਾਂ ਸਦਾ ਹੀ ਸੁਹਾਵਾ ਹੈ, ਤੇਰਾ ਰੂਪ ਵੀ ਸੁਹਾਵਾ ਹੈ ਅਤੇ ਤੇਰੇ ਦਰਬਾਰ ਵਿਚ ਤੇਰੇ ਭਗਤ ਵੀ ਸੋਂਹਦੇ ਹਨ - 'ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ ਤੇਰੇ ਭਗਤ ਸੋਹਹਿ ਦਰਬਾਰੇ॥', ਅੰਕ ੬੭੦. ਪੰਜਵੇਂ ਨਾਨਕ ਹੋਰ ਫ਼ੁਰਮਾਣ ਕਰਦੇ ਹਨ ਕਿ ਹੇ ਮੇਰੇ ਪਿਆਰੇ ! ਜਿਥੇ ਤੂੰ ਵਸਦਾ ਹੈਂ ਉਹ ਅਸਥਾਨ ਸੁਹਾਵਾ ਹੈ - 'ਸੋਈ ਸੁਹਾਵਾ ਥਾਨੁ ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ॥', ਅੰਕ ੧੦੯੬, ਜਾਂ ਇਉਂ ਵੀ ਕਹਿ ਲਈਏ ਕਿ ਮੇਰੇ ਪਿਆਰੇ ਨਾਨਕ ਜੀ ! ਉਹੀ ਅਸਥਾਨ ਸੁਵਣਾ ਹੈ ਜਿਥੇ ਤੁਸੀਂ ਆ ਵਸੇ ਹੋ। ਅਤੇ ਜਿਥੇ ਤੇਰੇ ਸੰਤ ਜਨ ਜੁੜ ਬੈਠਦੇ ਹਨ ਉਹ ਅਸਥਾਨ ਵੀ ਸੁਹਾਵਾ ਅਤੇ ਪਵਿਤਰ ਹੈ - 'ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ॥', ਅੰਕ ੪੪.

**ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥**

**ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ ॥੨॥**

**ਅਰਥ :** ਤੇਰੀ ਸੇਵਾ, ਤੇਰੀ ਭਗਤੀ ਤੇਰੀ ਆਪਣੀ ਹੀ ਕਿਰਪਾ ਨਾਲ ਸੰਭਵ ਹੈ, ਭਾਵ, ਉਹ ਭਗਤ ਜਿਸ ਤੇ ਤੇਰੀ ਕਿਰਪਾ ਹੋਈ ਹੈ ਉਹੀ ਕਰ ਸਕਦਾ ਹੈ, ਦੂਜਾ ਕੋਈ ਨਹੀਂ। ਹੋਰ ਕਿਸੇ ਲਈ ਇਹ ਸੰਭਵ ਨਹੀਂ। ਪਰ ਤੇਰਾ ਭਗਤ ਉਹੀ ਹੈ ਜਿਸ ਤੇ ਤੂੰ ਕਿਰਪਾ ਕਰਕੇ ਆਪਣੀ ਪ੍ਰੇਮਾ-ਭਗਤੀ ਦਾ ਰੰਗ ਲਗਾ ਦਿਤਾ ਹੈ, ਅਜਿਹਾ ਭਗਤ ਹੀ ਤੈਨੂੰ ਭਾਉਂਦਾ ਹੈ।੨।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਸ ਪ੍ਰਭੂ ਦੀ ਸੇਵਾ ਅਰਾਧਨਾ ਉਹੀ ਕਰ ਸਕਦਾ ਹੈ ਜਿਸ ਤੇ ਉਸ ਦੀ ਨਦਰ, ਕਿਰਪਾ ਹੋ ਜਾਏ - 'ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ॥', ਪੰਨਾ ੬੬੦. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਉਹੀ ਭਗਤ, ਉਹੀ ਗਿਆਨਵਾਨ, ਉਹੀ ਧਿਆਨ ਲਗਾਉਣ ਵਾਲਾ, ਉਹੀ ਤਪ ਕਰਨ ਵਾਲਾ ਕਾਮਯਾਬ ਹੋ ਸਕਦਾ ਹੈ ਜਿਸ ਤੇ ਹੇ ਵਾਹਗੁਰੂ ! ਤੂੰ ਕਿਰਪਾ ਕਰ ਦਏਂ - 'ਸੋਈ ਭਗਤੁ ਗਿਆਨੀ ਧਿਆਨੀ ਤਪਾ ਸੋਈ ਨਾਨਕ ਜਾ ਕਉ ਕਿਰਪਾ ਕੀਜੈ॥', ਪੰਨਾ ੬੭੮. ਜਿਸ ਤੇ ਸੁਆਮੀ ਪ੍ਰਭੂ ਦਇਆਲ ਹੋ ਜਾਏ ਉਹੀ ਭਗਤ ਹੈ ਉਹੀ ਜਨ ਹੈ, ਦੂਜਾ ਕੋਈ ਨਹੀਂ - 'ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ॥', ਪੰਨਾ ੬੮੦. ਜਿਸ ਤੇ ਉਹ ਕਿਰਪਾ ਕਰ ਦਏ ਉਹੀ ਭਗਤ ਜਾਂ ਗਿਆਨੀ ਜਾਂ ਤਪੱਸਵੀ ਹੋ ਸਕਦਾ ਹੈ - 'ਭਗਤੁ ਗਿਆਨੀ ਤਪਾ

ਜਿਸੁ ਕਿਰਪਾ ਕਰੈ॥', ਪੰਨਾ ੯੫੮. ਉਹੀ ਸੰਤ ਹੈ ਜੋ ਤੈਨੂੰ ਭਾਅ ਜਾਏ - 'ਸੋਈ ਸੰਤੁ ਜਿ ਭਾਵੈ ਰਾਮ॥', ਪੰਨਾ ੮੬੭.

**ਤੂ ਵਡ ਦਾਤਾ ਤੂ ਵਡ ਦਾਨਾ ਅਉਰੁ ਨਹੀ ਕੋ ਦੂਜਾ ॥**

**ਤੂ ਸਮਰਥੁ ਸੁਆਮੀ ਮੇਰਾ ਹਉ ਕਿਆ ਜਾਣਾ ਤੇਰੀ ਪੂਜਾ ॥੩॥**

**ਅਰਥ :** ਹੇ ਪ੍ਰਭੂ ! ਤੂੰ ਹੀ ਵਡਾ ਹੈ ਤੂੰ ਹੀ ਸਮਰੱਥ ਹੈਂ, ਹੋਰ ਕਿਸੇ ਕੋਲ ਇਹ ਗੁਣ ਨਹੀਂ ਹਨ ਕਿ ਤੇਰੀ ਕਿਰਪਾ ਤੋਂ ਬਿਨਾਂ ਅਜਿਹੀ ਕੋਈ ਵੀ ਦਾਤ ਦੇਣ ਦੀ ਸਮਰੱਥਾ ਰਖਦਾ ਹੋਵੇ। ਤੂੰ ਸਰਬ ਕਲਾ ਸਮਰੱਥ ਹੈਂ, ਮੈਂ ਵਿਚਾਰਾ ਕੀ ਜਾਣਾ ਤੇਰੀ ਪੂਜਾ, ਤੇਰੀ ਅਰਾਧਨਾ, ਤੇਰੀ ਸੇਵਾ ਕਿਵੇਂ ਕਰੀਦੀ ਹੈ !੩।

ਉਹ ਆਪੇ ਹੀ ਵਖ ਵਖ ਰੂਪ ਬਣਾਉਂਦਾ ਹੈ, ਆਪੇ ਹੀ ਵੇਖ ਕੇ ਖੁਸ਼ ਹੁੰਦਾ ਹੈ ਅਤੇ ਆਪਣੀ ਪੂਜਾ ਵੀ ਉਹ ਆਪ ਹੀ ਹੈ - 'ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ॥', ਪੰਨਾ ੧੦੭੩. ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਹ ਪ੍ਰਭੂ ਆਪੇ ਹੀ ਬਣਾਉਂਦਾ ਹੈ ਆਪੇ ਹੀ ਆਪਣਾ ਨਾਮ ਦਾ ਰੰਗ ਧਰਦਾ ਹੈ ਆਪੇ ਹੀ ਕਿਰਪਾ ਕਰਦਾ ਹੈ, ਫ਼ਿਰ ਜਿਹੜੀ ਜੀਵ ਇਸਤਰੀ ਉਸ ਕੰਤ ਪ੍ਰਭੂ ਨੂੰ ਭਾਅ ਜਾਂਦੀ ਹੈ ਆਪੇ ਹੀ ਆਪਣੇ ਨਾਲ ਮਿਲਾ ਲੈਂਦਾ ਹੈ, ਉਸ ਨੂੰ ਮਾਣਦਾ ਹੈ - 'ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥', ਪੰਨਾ ੭੨੨. ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਇਕ ਪ੍ਰਭੂ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ, ਹੇ ਵਾਹਗੁਰੂ ! ਤੂੰ ਹੀ ਜਾਣਦਾ ਹੈ ਕਿ ਤੇਰੀ ਪੂਜਾ ਕੀ ਹੈ - 'ਏਕਸੁ ਬਿਨੁ ਨਾਹੀ ਕੋ ਦੂਜਾ॥ ਤੁਮ੍ ਹੀ ਜਾਨਹੁ ਅਪਨੀ ਪੂਜਾ॥', ਪੰਨਾ ੮੦੫. ਭਗਤ ਰਵਿਦਾਸ ਜੀ ਵੀ ਬਚਨ ਕਰਦੇ ਹਨ ਕਿ ਮੈਂ ਬਥੇਰੇ ਪੂਜਾ ਦੇ ਢੰਗ ਵੇਖ ਲਏ ਹਨ, ਮੇਰੇ ਤੋਂ ਤਾਂ ਤੇਰੀ ਪੂਜਾ, ਅਰਚਨਾ ਆਦਿ ਸੰਭਵ ਹੀ ਨਹੀਂ ਹੈ ਤਾਂ ਫ਼ਿਰ ਮੈਨੂੰ ਪਰਮਗਤੀ ਕਿਵੇਂ ਮਿਲੇ - 'ਪੂਜਾ ਅਰਚਾ ਆਹਿ ਨ ਤੋਰੀ॥ ਕਹਿ ਰਵਿਦਾਸ ਕਵਨ ਗਤਿ ਮੋਰੀ॥', ਪੰਨਾ ੫੨੫.

**ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ ॥**

**ਕਹੁ ਨਾਨਕ ਢਹਿ ਪਇਆ ਦੁਆਰੈ ਰਖਿ ਲੇਵਹੁ ਮੁਗਧ ਅਜਾਣਾ ॥੪॥੨॥੨੦॥**

**ਅਰਥ :** ਹੇ ਮੇਰੇ ਪਿਆਰੇ ਪ੍ਰਭੂ ! ਤੇਰਾ ਅਸਥਾਨ, ਮਹਲ, ਸਚਖੰਡ ਸਾਡੇ ਲਈ ਅਪਹੁੰਚ ਹੈ ਅਤੇ ਤੇਰੇ ਭਾਣੇ ਨੂੰ ਮੰਨਣਾ ਅਤਿ ਕਠਨ ਹੈ। ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਮੈਂ ਤੇਰੇ ਦੁਆਰੇ ਤੇ ਢਹਿ ਪਿਆ ਹਾਂ, ਇਸ ਮੂਰਖ ਅਣਜਾਣ ਨੂੰ ਰਖ ਲਉ, ਕਿਰਪਾ ਕਰ ਦਿਉ।੪।੨।੨੦।

ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਉਸ ਦਾ ਥਾਂ, ਅਸਥਾਨ, ਮਹਲ ਬਹੁਤ ਉਚਾ, ਵਡਾ ਅਤੇ ਅਪਹੁੰਚ, ਗੁਪਤ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ ਹੈ, ਉਹ ਸਿਰਫ਼ ਗੁਰੂ ਦੀ ਕਿਰਪਾ ਨਾਲ ਵੇਖਿਆ ਜਾ ਸਕਦਾ ਹੈ, ਗੁਰੂ ਹੀ ਵਿਆ ਸਕਦਾ ਹੈ - 'ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ॥', ਪੰਨਾ ੧੦੧. ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਦਾ ਅਸਥਾਨ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਨੇ ਆਪਣੇ ਅੰਦਰੋਂ ਹਉਮੈ ਨੂੰ ਮਾਰ ਦਿਤਾ ਹੈ ਜੋ ਕਿ ਬਹੁਤ ਹੀ ਔਖਾ ਕੰਮ ਹੈ - 'ਹਰਿ ਕਾ ਮਹਲੁ ਤਿਨੀ੍ ਪਾਇਆ ਜਿਨ੍ ਹਉਮੈ ਵਿਚਹੁ ਮਾਰਿ॥', ਪੰਨਾ ੫੧੨. ਪੰਚਮ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਕਹਿਣਾ ਬਹੁਤ ਸੌਖਾ ਹੈ ਪਰ ਪ੍ਰਭੂ ਦਾ ਭਾਣਾ ਮੰਨਣਾ ਬਹੁਤ ਔਖਾ ਹੈ - 'ਸੁਹੇਲਾ ਕਹਨੁ ਕਹਾਵਨੁ॥ ਤੇਰਾ ਬਿਖਮੁ ਭਾਵਨੁ॥', ਪੰਨਾ ੫੧, ਅਤੇ ਇਹ ਜਨਮ ਮਰਨ ਦਾ ਸੰਸਾਰ ਸਾਗਰ ਤਰਨਾ ਬਹੁਤ

ਔਖਾ ਹੈ, ਉਹੀ ਤਰਦੇ ਹਨ ਜਿਨ੍ਹਾਂ ਤੇ ਉਹ ਕਿਰਪਾ ਕਰਦਾ ਹੈ - 'ਬਿਖਮ ਸਾਗਰੁ ਤੇਈ ਤਰੇ॥ ਨਾਨਕ ਜਾ ਕਉ ਨਦਰਿ ਕਰੇ॥', ਪੰਨਾ ੧੯੩.

ਇਸ ਲਈ ਹੇ ਦਇਆਲੂ ਪ੍ਰਭੂ ਜੀਓ ! ਮੈਂ ਤਾਂ ਤੁਹਾਡੇ ਦੁਆਰੇ ਤੇ ਢਹਿ ਪਇਆ ਹਾਂ, ਪੂਰਨ ਆਤਮ ਸਮੱਰਪਣ ਕਰ ਦਿਤਾ ਹੈ, ਹੁਣ ਤੁਸੀਂ ਮਾੜਿਆਂ ਤੇ ਦਇਆ ਕਰਨ ਵਾਲੇ ਹੋ, ਆਪ ਹੀ ਮੈਨੂੰ ਰਖ ਲਉ, ਮੈਂ ਤਾਂ ਸਭ ਪਾਸੇ ਧੱਕੇ ਖਾ ਖਾ ਕੇ ਹਾਰ ਗਿਆ ਹਾਂ - 'ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥ ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥', ਪੰਨਾ ੭੦੯. ਸ੍ਰੀ ਗੁਰੂ ਅਮਰਦਾਸ ਸਾਹਿਬ ਬੇਨਤੀ ਰੂਪ ਫ਼ੁਰਮਾਣ ਕਰਦੇ ਹਨ ਕਿ ਹੇ ਵਾਹਿਗੁਰੂ ! ਮੈਂ ਤੇਰੀ ਸਰਣ ਆਇਆ ਹਾਂ, ਮੈਨੂੰ ਮੂਰਖ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿਉ, ਕਿਉਂਕਿ ਤੁਸੀਂ ਤਾਂ ਅਨੇਕਾਂ ਮਹਾਮੂਰਖਾਂ ਨੂੰ ਵੀ ਪਾਰ ਕਰ ਦਿਤਾ ਹੋ - 'ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ॥', ਪੰਨਾ ੧੬੩.

ਧੰਨ ਹਨ ਧੰਨ ਹਨ ਤੇਰੇ ਅਜਿਹੇ ਭਗਤ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਤੇ ਤੇਰੀ ਅਜਿਹੀ ਕਿਰਪਾ ਵਰਸੀ ਹੈ !

